# <u>ਦਸ਼ਮੇਸ਼ ਇੰਨਸਟੀਚਿਊਟ ਆਫ ਰਿਸਰਚ ਐਡ ਡੈਟਲ ਸਾਇੰਸਜ਼</u>
## <u>ਫਰੀਦਕੋਟ</u>

### <u>ਇਕਰਾਰ ਨਾਮਾ</u>

ਮੈ., ਜਸਪ੍ਰੀਤ ਸਿੰਘ ਪੁੱਤਰ ਸ਼੍ਰੀ ਕਿਰਪਾਲ ਸਿੰਘ ਵਾਸੀ ਜਤਿੰਦਰ ਚੌਕ, ਫਰੀਦਕੋਟ ਤਹਿਸੀਲ, ਫਰੀਦਕੋਟ, ਜਿਲ੍ਹਾ ਫਰੀਦਕੋਟ ਆਪਣੇ ਪੂਰੇ ਹੋਸ਼ਹਵਾਸ ਨਾਲ ਇਸ ਇਕਰਾਰਨਾਮੇ ਦੀ ਲਿਖਤ, ਡਾਇਰੈਕਟਰ, ਦਸਮੇਸ਼ ਇੰਸਟੀਚਿਊਟ ਆਫ ਰਿਸਰਚ ਐਡ ਡੈਟਲ ਸਾਇੰਸਜ਼, ਫਰੀਦਕੋਟ ਦੇ ਪੱਖ ਵਿੱਚ, ਇਸ ਸੰਸਥਾ ਦੇ ਅਹਾਤੇ ਵਿੱਚ ਸਟੇਸ਼ਨਰੀ ਦੀ ਦੁਕਾਨ ਪਟੇ ਤੇ ਲੈਣ ਲਈ ਨਿਮਨ ਲਿਖਤ ਸ਼ਰਤਾਂ ਅਧੀਨ ਕਰਦਾ ਹਾਂ, ਜੋ ਮੇਰੇ ਉੱਪਰ ਪੂਰੀ ਤਰਾਂ ਲਾਗੂ ਹੋਵੇਗੀ ਅਤੇ ਮੈ ਇਸ ਲਿਖਤ ਦਾ ਪਾਬੰਦ ਰਹਾਂਗਾ :

1 ਕਿ ਮੈ 01.04.2016 ਤੋ 31.03.2017 ਤੱਕ 12 ਮਹੀਨੇ ਲਈ ਉਕਤ ਦਰਜ ਸੰਸਥਾ ਵਿੱਚ ਸਟੇਸ਼ਨਰੀ ਦੀ ਦੁਕਾਨ ਦਾ 66000 ਰੁਪਏ ਵਿੱਚ ਪਟੇਦਾਰ ਹੋਵਾਂਗਾ।

2 ਕਿ ਮੈ ਪਟੇ ਰਕਮ 5500 ਰੁਪਏ ਪ੍ਰਤੀ ਮਹੀਨਾਂ ਦੀ ਦਰ ਨਾਲ ਹਰ ਮਹੀਨੇ ਦੀ 10 ਤਰੀਕ ਤੱਕ ਪੇਸ਼ਗੀ ਜਮਾਂ ਕਰਾਵਾਂਗਾ।

3 ਕਿ ਮੈ ਇਸ ਅਦਾਰੇ ਦੇ ਅਹਾਤੇ ਵਿੱਚ ਕਿਸੇ ਕਿਸਮ ਦੀ ਕੋਈ ਅਦਲ੍ਹਬਦਲੀ ਜਾਂ ਉਸਾਰੀ ਨਹੀ ਕਰਾਂਗਾ।

4 ਕਿ ਮੈ ਦੁਕਾਨ ਦੇ ਕੂੜਾ ਕਰਕਟ ਉਠਾਣ ਦਾ ਖੁਦ ਜਿੰਮੇਵਾਰ ਹੋਵਾਗਾ। ਕੁਤਾਹੀ ਕਰਨ ਤੇ ਲਾਸੰਸਦਾਰ ਨੂੰ ਜੁਰਮਾਨਾ ਕਰਨ ਦਾ ਹੱਕ ਹੋਵੇਗਾ।

5 ਕਿ ਮੇਰੇ ਵੱਲੋ ਉਕਤ ਲਿਖੀਆਂ ਸ਼ਰਤਾਂ ਵਿੱਚੋ ਕਿਸੇ ਇੱਕ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਸੰਸਥਾ ਦੇ ਡਾਇਰੈਕਟਰ ਸਾਹਿਬ ਨੂੰ ਉਕਤ ਪਟਾ ਬਿਨਾਂ ਕਿਸੇ ਨੋਟਿਸ ਦੇ ਰੱਦ ਕਰਨ ਦਾ ਹੱਕ ਹਾਸਿਲ ਹੋਵੇਗਾ ਅਤੇ ਮੇਰੇ ਵੱਲੋ ਜਮਾਂ ਕਰਵਾਈ ਗਈ ਰਕਮ ਵਿੱਚੋ ਕੁਝ ਵੀ ਕਲੇਮ ਕਰਨ ਦਾ ਮੈਨੂੰ ਕੋਈ ਹੱਕ ਨਹੀ ਹੋਵੇਗਾ।

6 ਕਿ ਪਟੇ ਦੀ ਮਿਆਦ ਖਤਮ ਹੋਣ ਤੇ ਤਰੁੰਤ ਹੀ ਮੈ ਪਟੇ ਤੇ ਲਈ ਦੁਕਾਨ ਖਾਲੀ ਕਰ ਦੇਵਾਂਗਾ ਅਤੇ ਕਬਜ਼ਾ ਸੰਸਥਾ ਨੂੰ ਸੋਪ ਦੇਵਾਂਗਾ। ਮੇਰੀ ਬੇਦਖਲੀ ਲਈ ਕਿਸੇ ਹੋਰ ਨੋਟਿਸ ਦੀ ਜਰੂਰਤ ਨਹੀ ਹੋਵੇਗੀ।

ਇਹ ਲਿਖਤ ਦੀ ਪੁਸ਼ਟੀ ਵਿੱਚ ਮੈ ਜਸਪ੍ਰੀਤ ਸਿੰਘ ਨੇ ਆਪਣੇ ਦਸਤਖਤ ਹੇਠ ਲਿਖੇ ਗਵਾਹਾਂ ਦੇ ਰੂਬਰੂ ਕਰ ਦਿੱਤੇ ਹਨ।

Gaurav Jain

1 ਗਵਾਹ

Jaspreet Singh

ਪਟੇਦਾਰ

2 ਗਵਾਹ

ਪ੍ਰਿੰਸੀਪਲ
Principal
Dasmesh Institute of Research
& Dental Sciences,
FARIDKOT